# ਸਥਿਰ ਅਰਥਚਾਰੇ ਲਈ ਮਾਲੀ ਅਨੁਸ਼ਾਸਨ

ਬਜਟ 2012 ਦੀਆਂ ਵਿਸ਼ੇਸ਼ਤਾਵਾਂ

## *ਆਪਣੇ ਬਜਟ ਨੂੰ ਸੰਤੁਲਿਤ ਕਰਨ ਦੀ ਰਾਹ ’ਤੇ*



ਭਵਿੱਖ ਵਿੱਚ ਸੂਬੇ ਦੀ ਖ਼ੁਸ਼ਹਾਲੀ ਆਪਣੇ ਖ਼ਰਚਿਆਂ ਵੱਲ ਅੱਜ ਧਿਆਨ ਦੇਣ ’ਤੇ ਨਿਰਭਰ ਕਰਦੀ ਹੈ।

ਵਿਧਾਨਕ ਤੌਰ ’ਤੇ ਬੀ.ਸੀ. ਲਈ 2013/14 ਵਿੱਚ ਬਜਟ ਨੂੰ ਸੰਤੁਲਿਤ ਕਰਨਾ ਲਾਜ਼ਮੀ ਹੈ। ਬ੍ਰਿਟਿਸ਼ ਕੋਲੰਬੀਆ ਦੇ ਲੋਕ ਸਾਡੇ ਵੱਲੋਂ ਇਸ ਵਾਅਦੇ ਨੂੰ ਨਿਭਾਏ ਜਾਣ ਦੀ ਆਸ ਰੱਖਦੇ ਹਨ।

ਅੰਤਰਰਾਸ਼ਟਰੀ ਨਿਵੇਸ਼ਕ ਵੀ ਅਜਿਹੇ ਵਿੱਤੀ ਅਨੁਸ਼ਾਸਨ ਦੀ ਆਸ ਰੱਖਦੇ ਹਨ। ਜਿੱਥੇ ਦੁਨੀਆ ਵਿਚਲੇ ਕਈ ਹੋਰ ਅਧਿਕਾਰ ਖੇਤਰ ਬੇਕਾਬੂ ਖ਼ਰਚਿਆ ਅਤੇ ਕਰਜ਼ਿਆਂ ਦਾ ਨਤੀਜਾ ਭੁਗਤ ਰਹੇ ਹਨ, ਸਾਡੇ ਸੂਬੇ ਦਾ ਮਜ਼ਬੂਤ ਮਾਲੀ ਪ੍ਰਬੰਧਨ ਦਾ ਸ਼ਾਨਦਾਰ ਰਿਕਾਰਡ ਹੈ।

ਬਜਟ 2012 ਸਾਡੀ ਮਜ਼ਬੂਤ ਬੁਨਿਆਦ ਨੂੰ ਅੱਗੇ ਵਧਾਉਂਦਾ ਹੈ ਅਤੇ ਸਿਹਤ ਸੰਭਾਲ, ਵਿੱਦਿਆ ਅਤੇ ਸਮਾਜਕ ਸੇਵਾਵਾਂ ਲਈ ਫ਼ੰਡਿੰਗ ਮਹਿਫ਼ੂਜ਼ ਕਰਕੇ ਭਵਿੱਖ ਵਿੱਚ ਆਉਣ ਵਾਲੀਆਂ ਪੁਸ਼ਤਾਂ ਦੀ ਰਾਖੀ ਕਰਦਾ ਹੈ।

ਅਗਲੇ ਤਿੰਨ ਵਰ੍ਹਿਆਂ ਦੌਰਾਨ ਸਰਕਾਰੀ ਆਮਦਨ ਵਿੱਚ ਹਰ ਸਾਲ ਔਸਤਨ 2.9 ਫ਼ੀ ਸਦੀ ਵਾਧਾ ਹੋਣ ਦੀ ਉਮੀਦ ਹੈ। ਪਰ ਅਸੀਂ ਖ਼ਰਚਿਆਂ ’ਤੇ ਨਜ਼ਰ ਰੱਖਣੀ ਜਾਰੀ ਰੱਖਾਂਗੇ। ਆਉਂਦੇ ਤਿੰਨ ਸਾਲਾਂ ਦੀ ਮਾਲੀ ਯੋਜਨਾ ਦੌਰਾਨ ਖ਼ਰਚਿਆਂ ਵਿੱਚ ਹਰ ਸਾਲ ਔਸਤਨ ਸਿਰਫ਼ 2 ਫ਼ੀ ਸਦੀ ਵਾਧਾ ਹੀ ਹੋਵੇਗਾ। ਇਹ ਸਾਨੂੰ 2013/14 ਵਿੱਚ ਬਜਟ ਨੂੰ ਸੰਤੁਲਿਤ ਕਰਨ ਦੀ ਰਾਹ ’ਤੇ ਰੱਖੇਗਾ।




## ਕ੍ਰੈਡਿਟ ਰੇਟਿੰਗ

— ਸਭ ਤੋਂ ਉਚੇਰਾ ਉਪਲਬਧ ਮਿਆਰ

ਅਸੀਂ ਆਰਥਿਕ ਮੰਦਵਾੜੇ ਤੋਂ ਉੱਭਰ ਰਹੇ ਹਾਂ ਪਰ ਅਸੀਂ ਆਪਣੇ ਆਪ ਤੋਂ ਸੰਤੁਸ਼ਟ ਨਹੀਂ ਹੋ ਸਕਦੇ। ਸਾਡਾ triple-A ਕ੍ਰੈਡਿਟ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਅਸੀਂ ਨਿਵੇਸ਼ਕਾਰੀ ਲਈ ਇੱਕ ਸੁਰੱਖਿਅਤ ਥਾਂ ਹਾਂ ਅਤੇ ਇਹ ਸਰਕਾਰ ਵੱਲੋਂ ਲਏ ਜਾਣ ਵਾਲੇ ਕਰਜ਼ੇ ਦੀਆਂ ਲਾਗਤਾਂ ਵਿੱਚ ਹਰ ਸਾਲ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੇ ਕਈ ਮਿਲੀਅਨ ਡਾਲਰ ਬਚਾਉਂਦਾ ਹੈ।

*ਮਾਲੀ ਅਨੁਸ਼ਾਸਨ ਮੂਲ ਸਿਧਾਂਤ ਹੈ। ਸਾਨੂੰ ਅੰਤਰਰਾਸ਼ਟਰੀ ਨਿਵੇਸ਼ ਭਾਈਚਾਰੇ ਤੋਂ ਅਜਿਹਾ ਸੁਣਨ ਨੂੰ ਮਿਲ ਰਿਹਾ ਹੈ। ਉਹ ਜਾਣਦੇ ਹਨ ਕਿ ਠੋਸ ਮਾਲੀ ਪ੍ਰਬੰਧ ਦੇ ਦਸ ਵਰ੍ਹਿਆਂ ਦੇ ਸਦਕਾ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦੇ ਕ੍ਰੈਡਿਟ ਰੇਟਿੰਗ ਦਰਜੇ (ਕਰਜ਼ਾ ਲੈਣ ਦੀ ਯੋਗਤਾ ਦੀ ਪਰਖ) ਵਿੱਚ ਲਗਾਤਾਰ ਸੱਤ ਵਾਰੀ ਵਾਧਾ ਹੋਇਆ ਹੈ ਜਿਸ ਨੇ ਸਾਨੂੰ ਸਾਡੀ ਮੌਜੂਦਾ triple-A (ਟ੍ਰਿਪਲ-ਏ) ਰੇਟਿੰਗ – ਜੋ ਕਿ ਸਭ ਤੋਂ ਵਧੀਆ ਸੰਭਵ ਰੇਟਿੰਗ ਹੈ – ’ਤੇ ਲਿਆ ਖੜ੍ਹਾ ਕੀਤਾ ਹੈ। ਅਸੀਂ ਸਾਰੇ ਇਸ ਗੱਲ ’ਤੇ ਮਾਣ ਕਰ ਸਕਦੇ ਹਾਂ।*

*ਮਾਣਯੋਗ ਕੈਵਿਨ ਫ਼ਾਲਕਨ*
*ਮਨਿਸਟਰ ਆਫ਼ ਫ਼ਾਇਨੈਂਸ (ਵਿੱਤ ਮੰਤਰੀ)*
*ਉਪ-ਪ੍ਰੀਮੀਅਰ*

BRITISH COLUMBIA

### *ਸਰਕਾਰੀ ਖੇਤਰ ਵਿੱਚ ਗੱਲਬਾਤ*


*ਸਰਕਾਰੀ ਖੇਤਰ ਵਿੱਚ ਦਿੱਤੀਆਂ ਜਾਣ ਵਾਲੀਆਂ ਤਨਖਾਹਾਂ ਕੁੱਲ ਸਰਕਾਰੀ ਖ਼ਰਚੇ ਦਾ ਅੱਧੇ ਤੋਂ ਵੀ ਵੱਧ ਹਿੱਸਾ ਹਨ। ਸਰਕਾਰੀ ਖੇਤਰ ਦੀਆਂ ਬਹੁਤੀਆਂ ਯੂਨੀਅਨਾਂ ਨੇ ਨੈੱਟ-ਜ਼ੀਰੋ ਮੈਨਡੇਟ (ਤਨਖਾਹਾਂ ਵਿੱਚ ਵਾਧੇ ਲਈ ਸਰਕਾਰੀ ਤੰਤਰ ਵਿੱਚੋਂ ਬਰਾਬਰ ਦੀਆਂ ਬਚਤਾਂ ਲੱਭਣ ਦੀ ਸ਼ਰਤ) ਦੇ ਦੋ ਸਾਲ ਪੂਰੇ ਕਰ ਲਏ ਹਨ। ਸਾਲ 2012 ਦਾ ਗੱਲਬਾਤ ਦਾ ਅਧਿਆਦੇਸ਼ ਸਰਕਾਰੀ ਖੇਤਰ ਦੇ ਮੁਲਾਜ਼ਮਾਂ ਨੂੰ ਆਪਣੀਆਂ ਤਨਖਾਹਾਂ ਵਿੱਚ ਮਾਮੂਲੀ ਵਾਧੇ ਬਾਰੇ ਗੱਲਬਾਤ ਕਰਨ ਦੀ ਇਜਾਜ਼ਤ ਦਿੰਦਾ ਹੈ – ਜੇ ਉਹ ਸੇਵਾਵਾਂ ਵਿੱਚ ਕਟੌਤੀ ਤੋਂ ਬਿਨਾ ਜਾਂ ਜਨਤਾ ਦਾ ਖ਼ਰਚਾ ਵਧਾਏ ਬਗ਼ੈਰ ਮੌਜੂਦਾ ਬਜਟਾਂ ਵਿੱਚੋਂ ਬਰਾਬਰ ਰਕਮ ਦੀਆਂ ਬਚਤਾਂ ਲੱਭ ਸਕਣ।*

### *ਬ੍ਰਿਟਿਸ਼ ਕੋਲੰਬੀਆ ਦੇ ਆਰਥਿਕ ਵਿਕਾਸ ਸੰਬੰਧੀ ਪੇਸ਼ੀਨਗੋਈ*

- *1.8 ਫ਼ੀ ਸਦੀ – 2012*
- *2.2 ਫ਼ੀ ਸਦੀ – 2013*
- *2.5 ਫ਼ੀ ਸਦੀ – 2014*

### *ਤਰਜੀਹੀ ਖੇਤਰਾਂ ਵਿੱਚ ਨਿਵੇਸ਼ ਕਰਨਾ*

***2012/13 ਖ਼ਰਚੇ ਦਾ ਕੁੱਲ ਬਜਟ $43.87 ਬਿਲੀਅਨ***



- *ਸਿਹਤ– $17.97 ਬਿਲੀਅਨ (41%)*
- *ਵਿੱਦਿਆ – $11.76 ਬਿਲੀਅਨ (27%)*
- *ਸਮਾਜਕ ਸੇਵਾਵਾਂ – $3.9 ਬਿਲੀਅਨ (9%)*
- *ਬਾਕੀ ਸਾਰੇ ਖ਼ਰਚੇ – $10.24 ਬਿਲੀਅਨ (23%)*


## *ਘੱਟ ਟੈਕਸ ਵਾਲੇ ਵਾਤਾਵਰਣ ਵਿੱਚ ਵਿਕਾਸ ਨੂੰ ਹੱਲਾਸ਼ੇਰੀ ਮਿਲਦੀ ਹੈ*

ਘੱਟ ਟੈਕਸ ਵਾਲਾ ਵਾਤਾਵਰਣ ਆਰਥਿਕ ਮੌਕਿਆਂ ਲਈ ਮਹੱਤਵਪੂਰਣ ਹੈ। ਸਾਲਾਨਾ $120,000 ਤਕ ਦੀ ਆਮਦਨ ਵਾਲੇ ਲੋਕਾਂ ਲਈ ਕੈਨੇਡਾ ਵਿੱਚ ਸਭ ਤੋਂ ਘੱਟ ਸੂਬਾਈ ਨਿੱਜੀ ਟੈਕਸ ਬ੍ਰਿਟਿਸ਼ ਕੋਲੰਬੀਆ ਵਿੱਚ ਹੈ। ਅਸੀਂ ਕਾਰਪੋਰੇਟ ਆਮਦਨ ਟੈਕਸ ਦਰ ਨੂੰ ਪੰਜ ਵਾਰੀ ਘੱਟ ਕੀਤਾ ਹੈ, ਜਿਸ ਨਾਲ ਸਾਲ 2001 ਤੋਂ ਲੈ ਕੇ ਹੁਣ ਤਕ ਲਗਭਗ 40 ਫ਼ੀ ਸਦੀ ਦੀ ਕੁੱਲ ਕਟੌਤੀ ਹੋ ਚੁੱਕੀ ਹੈ। ਟੈਕਸ ਦਰਾਂ ਵਿਚਲੀਆਂ ਫ਼ੈਡਰਲ ਕਟੌਤੀਆਂ ਨਾਲ ਜੋੜੇ ਜਾਣ ’ਤੇ, ਪੂਰੇ ਕੈਨੇਡਾ ਅਤੇ ਹੋਰਨਾ G7 (ਜੀ7) ਮੁਲਕਾਂ ਦੇ ਮੁਕਾਬਲੇ ਬੀ.ਸੀ. ਵਿੱਚ ਕਾਰਪੋਰੇਟ ਆਮਦਨ ਟੈਕਸ ਦੀ ਦਰ ਸਭ ਤੋਂ ਘੱਟ ਹੈ।

## *ਅਹਿਮ ਜਨਤਕ ਸੇਵਾਵਾਂ ਲਈ ਸਹਾਰਾ*

ਸਾਲ 2012 ਦੇ ਬਜਟ ਨਾਲ ਅਸੀਂ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸਹਾਰਾ ਦੇਣ ਲਈ ਵਚਨਬੱਧ ਹਾਂ। ਇਸ ਦਾ ਮਤਲਬ ਹੈ ਜਨਤਕ ਸੇਵਾਵਾਂ ਵਿੱਚ ਨਿਵੇਸ਼ਕਾਰੀ ਦੇ ਮਜ਼ਬੂਤ ਪੱਧਰ ਨੂੰ ਕਾਇਮ ਰੱਖਣਾ।

- ਸਿਹਤ – ਮਨਿਸਟਰੀ ਆਫ਼ ਹੈਲਥ (ਸਿਹਤ ਮੰਤਰਾਲਾ) ਲਈ ਫ਼ੰਡਿੰਗ ਵਿੱਚ ਵਾਧਾ ਹੋਵੇਗਾ, ਜਿਵੇਂ ਕਿ ਸਾਲ 2001 ਤੋਂ ਹਰ ਸਾਲ ਹੁੰਦਾ ਆਇਆ ਹੈ। ਸਾਲ 2014/15 ਵਿੱਚ ਬਜਟ $17.3 ਬਿਲੀਅਨ ਹੋਵੇਗਾ – ਅੱਜ ਦੀ ਧਨ-ਰਾਸ਼ੀ ਤੋਂ $1.5 ਬਿਲੀਅਨ ਵੱਧ। ਇਹ ਅੰਦਾਜ਼ਾ ਹੈ ਕਿ ਸਾਲ 2014/15 ਤਕ ਕੁੱਲ ਸਰਕਾਰੀ ਖ਼ਰਚੇ ਦਾ 42 ਫ਼ੀ ਸਦੀ ਤੋਂ ਵੀ ਵੱਧ ਹਿੱਸਾ ਸਿਹਤ ਸੰਭਾਲ ਲਈ ਖ਼ਰਚਿਆ ਜਾਵੇਗਾ।
- ਵਿੱਦਿਆ – ਅਗਲੇ ਤਿੰਨ ਸਾਲਾਂ ਲਈ ਸਕੂਲ ਡਿਸਟ੍ਰਿਕਟਾਂ ਨੂੰ ਹਰ ਸਾਲ $4.7 ਬਿਲੀਅਨ ਦੀ ਫ਼ੰਡਿੰਗ ਮਿਲੇਗੀ। ਕਲਾਸਾਂ ਦੀ ਰਚਨਾ ਸੰਬੰਧੀ ਮੁੱਦਿਆਂ ਨਾਲ ਸਿੱਧੇ ਤੌਰ ’ਤੇ ਨਜਿੱਠਣ ਵਾਸਤੇ ਫ਼ੰਡ ਸਥਾਪਤ ਕਰਨ ਲਈ ਅਸੀਂ ਤਿੰਨ ਸਾਲਾਂ ਦੌਰਾਨ $165 ਮਿਲੀਅਨ ਦਾ ਵਾਧੂ ਨਿਵੇਸ਼ ਕਰਾਂਗੇ।
- ਸਮਾਜਕ ਸੇਵਾਵਾਂ – ਅਸੀਂ ਤਿੰਨ ਸਾਲਾਂ ਦੌਰਾਨ $294 ਮਿਲੀਅਨ ਮੁਹੱਈਆ ਕਰਾਂਗੇ – ਜਿਸ ਵਿੱਚੋਂ ਕੁਝ ਹਿੱਸਾ ਅਪਾਹਜਤਾ ਸੰਬੰਧੀ ਭੱਤਿਆਂ ਦੀ ਵਧ ਰਹੀ ਮੰਗ ਨਾਲ ਨਜਿੱਠਣ, ਅਤੇ ਇਸ ਸਮੇਂ ਸਰਕਾਰੀ ਮਦਦ ਲੈ ਰਹੇ ਇਕੱਲੇ ਰਹਿਣ ਵਾਲੇ, ਰੁਜ਼ਗਾਰਯੋਗ ਲੋਕਾਂ ਦੀ ਮੁਕਾਬਲਤਨ ਵੱਡੀ ਸੰਖਿਆ ਨੂੰ ਸਹਾਰਾ ਦੇਣ ਲਈ ਵੀ ਖ਼ਰਚ ਕੀਤਾ ਜਾਵੇਗਾ। ਅਸੀਂ ਵਿਕਾਸ ਸੰਬੰਧੀ ਅਯੋਗਤਾਵਾਂ ਵਾਲੇ ਵਿਅਕਤੀਆਂ ਲਈ ਸਹਾਰਿਆਂ ਨੂੰ ਮਜ਼ਬੂਤ ਬਣਾਉਣ ਲਈ ਫ਼ੰਡਿੰਗ ਵਿੱਚ $144 ਮਿਲੀਅਨ ਹੋਰ ਦੇ ਰਹੇ ਹਾਂ, ਜਿਸ ਵਿੱਚ CLBC (ਸੀ.ਐੱਲ.ਬੀ.ਸੀ.) ਲਈ ਫ਼ੰਡਿੰਗ ਵੀ ਸ਼ਾਮਲ ਹੈ।



## ਪਹਿਲੀ ਵਾਰੀ ਘਰ ਖ਼ਰੀਦਣ ਵਾਲਿਆਂ ਲਈ ਨਵੀਂ ਰਾਹਤ



**ਪਹਿਲੀ ਵਾਰੀ ਘਰ ਖ਼ਰੀਦਣ ਵਾਲਿਆਂ ਨੂੰ ਨਵੇਂ ਬਣੇ ਘਰ ਦੀ ਖ਼ਰੀਦ ਉੱਤੇ $10,000 ਦਾ ਬੋਨਸ ਬੀ.ਸੀ. ਵਿਚਲੇ ਪਰਿਵਾਰਾਂ ਨੂੰ ਰਾਹਤ ਦਿੰਦਾ ਹੈ**

ਬਜਟ 2012 ਪਹਿਲੀ ਵਾਰੀ ਘਰ ਖ਼ਰੀਦਣ ਵਾਲੇ ਉਨ੍ਹਾਂ ਲੋਕਾਂ ਲਈ ਨਵੀਂ ਰਾਹਤ ਪੇਸ਼ ਕਰਦਾ ਹੈ ਜਿਹੜੇ ਨਵੇਂ ਉਸਾਰੇ ਘਰਾਂ ਨੂੰ ਖ਼ਰੀਦਣਗੇ – ਜੋ ਕਿ ਨਵੇਂ ਘਰ ਉਸਾਰਨ ਵਾਲੇ ਖੇਤਰ ਨੂੰ ਸਹਾਰਾ ਦੇਣ ਦੇ ਨਾਲ-ਨਾਲ ਗਾਹਕਾਂ ਦਾ ਫ਼ਾਇਦਾ ਵੀ ਕਰਦਾ ਹੈ। ਪਹਿਲੀ ਵਾਰੀ ਘਰ ਖ਼ਰੀਦਣ ਵਾਲਿਆਂ ਲਈ ਨਵੇਂ ਬਣੇ ਘਰ ਦੀ ਖ਼ਰੀਦ ਉੱਤੇ $10,000 ਦਾ ਬੀ.ਸੀ. ਦਾ ਬੋਨਸ 21 ਫ਼ਰਵਰੀ 2012 ਤੋਂ ਲਾਗੂ ਹੋ ਕੇ 31 ਮਾਰਚ 2013 ਤਕ ਚੱਲੇਗਾ। ਇਸ ਬੋਨਸ ਰਾਹੀਂ ਨਵਾਂ ਉਸਾਰਿਆ ਘਰ ਖ਼ਰੀਦਣ ਵਾਲੇ ਲੋਕਾਂ ਨੂੰ ਅਸਥਾਈ, ਪੈਸੇ ਮੋੜਨ ਵਾਲਾ ਟੈਕਸ ਕ੍ਰੈਡਿਟ ਮਿਲੇਗਾ।




*ਬਜਟ 2012 ਪਹਿਲੀ ਵਾਰੀ ਘਰ ਖ਼ਰੀਦਣ ਵਾਲੇ ਉਨ੍ਹਾਂ ਲੋਕਾਂ ਲਈ ਨਵੀਂ ਰਾਹਤ ਪੇਸ਼ ਕਰਦਾ ਹੈ ਜਿਹੜੇ ਨਵੇਂ ਉਸਾਰੇ ਘਰ ਖ਼ਰੀਦਣਗੇ।*

## ਨਵੇਂ ਉਸਾਰੇ ਘਰਾਂ ਸੰਬੰਧੀ ਛੋਟ ਵਿੱਚ ਵਾਧਾ

ਐੱਚ.ਐੱਸ.ਟੀ. ਛੋਟ ਪ੍ਰਾਪਤ ਕਰਨ ਯੋਗ ਘਰਾਂ ਦੀ ਕੀਮਤ ਦੀ ਮੌਜੂਦਾ ਹੱਦ ਵਧਾ ਕੇ $850,000 ਕਰ ਦਿੱਤੀ ਗਈ ਹੈ। ਇਹ ਵਾਧਾ 1 ਅਪ੍ਰੈਲ 2012 ਤੋਂ ਲਾਗੂ ਹੋਵੇਗਾ। ਨਵੇਂ ਉਸਾਰੇ ਘਰਾਂ ਵਿੱਚੋਂ 90 ਫ਼ੀ ਸਦੀ ਤੋਂ ਵੀ ਜ਼ਿਆਦਾ ਘਰ ਇਸ ਕੀਮਤ ਤੋਂ ਥੱਲੇ ਹੁੰਦੇ ਹਨ। ਖ਼ਰੀਦਦਾਰ ਹੁਣ $42,500 ਦੀ ਸੂਬਾਈ ਐੱਚ.ਐੱਸ.ਟੀ. ਛੋਟ ਦੇ ਯੋਗ ਹੋਣਗੇ। ਅਪ੍ਰੈਲ 1, 2012 ਤੋਂ ਅਜਿਹਾ ਪਹਿਲੀ ਵਾਰੀ ਹੋਵੇਗਾ ਕਿ ਜਿਹੜੇ ਲੋਕ ਜੀ.ਵੀ.ਆਰ.ਡੀ. ਅਤੇ ਕੈਪੀਟਲ ਰੀਜਨਲ ਡਿਸਟ੍ਰਿਕਟ ਤੋਂ ਬਾਹਰਲੇ ਇਲਾਕਿਆਂ ਵਿੱਚ ਛੁੱਟੀਆਂ ਬਿਤਾਉਣ ਜਾਂ ਮਨਪਰਚਾਵੇ ਲਈ ਪ੍ਰਾਪਰਟੀ ਖ਼ਰੀਦਣਗੇ, ਉਹ $42,500 ਤਕ ਦੀ ਸੂਬਾਈ ਗਰਾਂਟ ਹਾਸਲ ਕਰ ਸਕਣਗੇ।

### ਹੋਰਨਾ ਅਧਿਕਾਰ ਖੇਤਰਾਂ ਦੇ ਮੁਕਾਬਲੇ ਨਿੱਜੀ ਆਮਦਨ ਟੈਕਸ ਦੀਆਂ ਘੱਟ ਦਰਾਂ

***$80,000 ਕਮਾਉਣ ਵਾਲੇ ਵਿਅਕਤੀਆਂ ਲਈ ਸੂਬਾਈ ਨਿੱਜੀ ਆਮਦਨ ਟੈਕਸ ਦੀ ਸਾਲਾਨਾ ਅਦਾਇਗੀਯੋਗ ਰਕਮ***




*ਬੀ.ਸੀ. – $4,616*
*ਐਲਬਰਟਾ – $5,957*
*ਓਨਟੈਰੀਓ – $6,058*
*ਨਿਊ ਬ੍ਰੰਜ਼ਵਿਕ – $7,421*
*ਸਸਕੈਚਵਨ – $7,569*
*ਨਿਊ ਫ਼ਿਨਲੈਂਡ – $7,658*
*ਮੈਨੀਟੋਬਾ – $8,928*
*ਨੋਵਾ ਸਕੋਸ਼ੀਆ – $9,473*
*ਕਿਊਬੈੱਕ – $9,958*

ਨੋਟ: ਤਨਖਾਹ ਰਾਹੀਂ ਆਮਦਨ ਕਮਾਉਣ ਵਾਲਾ ਇੱਕ ਇਕੱਲਾ ਵਿਅਕਤੀ ਜਿਹੜਾ ਸੀ.ਪੀ.ਪੀ./ਕਿਊ.ਪੀ.ਪੀ., ਈ.ਆਈ. ਅਤੇ ਕਿਊਬੈੱਕ ਪੇਰੈਂਟਲ ਇੰਸ਼ੋਰੈਂਸ ਪਲੈਨ ਪ੍ਰੀਮੀਅਮਾਂ ਅਤੇ ਬੁਨਿਆਦੀ ਨਿੱਜੀ ਰਕਮ ’ਤੇ 2012 ਦੀਆਂ ਟੈਕਸ ਛੋਟਾਂ ਕਲੇਮ ਕਰ ਰਿਹਾ ਹੈ। ਕਿਊਬੈੱਕ ਟੈਕਸ ਨੂੰ ਤੁਲਨਾਤਮਕ ਮੰਤਵ ਵਾਲ ਫ਼ੈਡਰਲ ਕਟੌਤੀ ਰਾਹੀਂ ਘਟਾਇਆ ਗਿਆ ਹੈ।

## ਬਜ਼ੁਰਗਾਂ ਲਈ ਰੈਨੋਵੇਸ਼ਨ (ਨਵੀਨੀਕਰਨ) ਟੈਕਸ ਛੋਟ

ਆਪਣੇ ਘਰਾਂ ਵਿੱਚ ਲੰਮੇ ਸਮੇਂ ਤਕ ਰਹਿਣ ਵਾਸਤੇ ਬੀ.ਸੀ. ਦੇ ਬਜ਼ੁਰਗਾਂ ਦੀ ਮਦਦ ਕਰਨ ਲਈ ਅਤੇ ਨਾਲ ਹੀ ਘਰਾਂ ਦੀ ਰੈਨੋਵੇਸ਼ਨ ਦੇ ਖੇਤਰ ਨੂੰ ਸਹਾਰਾ ਦੇਣ ਲਈ ਅਸੀਂ ਸਾਲ ਦੇ $1000 ਤਕ ਦਾ ਸੀਨੀਅਰਜ਼ ਹੋਮ ਰੈਨੋਵੇਸ਼ਨ ਟੈਕਸ ਕ੍ਰੈਡਿਟ (ਘਰ ਦੇ ਨਵੀਨੀਕਰਨ ਲਈ ਬਜ਼ੁਰਗਾਂ ਵਾਸਤੇ ਟੈਕਸ ਛੋਟ) ਪੇਸ਼ ਕਰ ਰਹੇ ਹਾਂ। ਇਹ ਬਜ਼ੁਰਗਾਂ ਜਾਂ ਉਨ੍ਹਾਂ ਨਾਲ ਇੱਕੋ ਛੱਤ ਹੇਠ ਰਹਿ ਰਹੇ ਪਰਿਵਾਰਕ ਮੈਂਬਰਾਂ ਲਈ ਉਪਲਬਧ ਹੋਵੇਗਾ, ਭਾਵੇਂ ਉਹ ਕਿਰਾਏ ’ਤੇ ਰਹਿੰਦੇ ਹੋਣ ਜਾਂ ਆਪਣੇ ਘਰ ਵਿੱਚ ਰਹਿੰਦੇ ਹੋਣ। ਇਹ ਢਾਂਚੇ ਵਿੱਚ ਤਬਦੀਲੀਆਂ, ਜਿਵੇਂ ਕਿ ਸਹਾਰੇ ਲਈ ਹੱਥੀਆਂ ਲਗਾਉਣਾ, ਢਲਾਣਦਾਰ ਰਸਤੇ (ਰੈਂਪ) ਬਣਾਉਣਾ ਜਾਂ ਅਜਿਹੇ ਟੱਬ ਲਗਾਉਣੇ ਜਿਨ੍ਹਾਂ ਵਿੱਚ ਤੁਰ ਕੇ ਵੜਿਆ ਜਾ ਸਕਦਾ ਹੈ, ਦਾ ਖ਼ਰਚਾ ਘਟਾਉਣ ਵਿੱਚ ਸਹਾਈ ਹੋਵੇਗਾ।


## ਖੇਡਾਂ ਅਤੇ ਕਲਾਤਮਕ ਗਤੀਵਿਧੀਆਂ ਵਿੱਚ ਕਾਮਯਾਬੀ ਲਈ ਬੱਚਿਆਂ ਦੀ ਮਦਦ ਕਰਨਾ

ਚਿਲਡ੍ਰਨ’ਜ਼ ਫ਼ਿਟਨੈਸ ਕ੍ਰੈਡਿਟ (ਬੱਚਿਆਂ ਦੀ ਤੰਦਰੁਸਤੀ ਸੰਬੰਧੀ ਛੋਟ) ਅਤੇ ਚਿਲਡ੍ਰਨ’ਜ਼ ਆਰਟਸ ਕ੍ਰੈਡਿਟ (ਬੱਚਿਆਂ ਦੀਆਂ ਕਲਾਤਮਕ ਗਤੀਵਿਧੀਆਂ ਸੰਬੰਧੀ ਛੋਟ) ਪਰਿਵਾਰਾਂ ਦੀਆਂ ਜੇਬਾਂ ਵਿੱਚ ਜ਼ਿਆਦਾ ਪੈਸੇ ਪਾਉਂਦੇ ਹੋਏ ਫ਼ੈਡਰਲ ਸਰਕਾਰ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਮੌਜੂਦਾ ਛੋਟਾਂ ਵਿੱਚ ਹੋਰ ਵਾਧਾ ਕਰਦੇ ਹਨ। ਪਰਿਵਾਰ ਹਰ ਸਾਲ ਕਿਸੇ ਵੀ ਯੋਗ ਖੇਡ ਜਾਂ ਕਲਾਤਮਕ ਪ੍ਰੋਗਰਾਮ ਵਾਸਤੇ ਹਰ ਬੱਚੇ ਲਈ ਅਤੇ ਹਰ ਛੋਟ ਅਧੀਨ $500 ਤਕ ਦੇ ਯੋਗ ਖ਼ਰਚਿਆਂ ਨੂੰ ਕਲੇਮ ਕਰ ਸਕਣਗੇ।

## ਵਪਾਰ ਵਿੱਚ ਵੰਨ-ਸੁਵੰਨਤਾ ਆਉਣੀ ਜਾਰੀ ਹੈ

*ਸੂਬੇ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਨਿਰਯਾਤ ਕੀਤੇ ਜਾਂਦੇ ਮਾਲ ਦਾ ਔਸਤ ਸਾਲਾਨਾ ਹਿੱਸਾ, 2011*

ਬ੍ਰਿਟਿਸ਼ ਕੋਲੰਬੀਆ




- ਅਮਰੀਕਾ – 42.7%
- ਹੋਰ ਮੁਲਕ – 16.3%
- ਚੀਨ – 14.8%
- ਜਪਾਨ – 14.3%
- ਹੋਰ ਏਸ਼ੀਆਈ ਮੁਲਕ – 11.9%

ਐਲਬਰਟਾ



- ਅਮਰੀਕਾ – 86.7%
- ਹੋਰ ਮੁਲਕ – 6.9%
- ਏਸ਼ੀਆ – 6.4%

ਓਨਟੈਰੀਓ



- ਅਮਰੀਕਾ – 77.0%
- ਹੋਰ ਮੁਲਕ – 18.9%
- ਏਸ਼ੀਆ – 4.1%

## "ਦਫ਼ਤਰੀ ਢਿੱਲ" ਨੂੰ ਘਟਾਉਣਾ

ਬੇਲੋੜੇ ਨਿਯਮ ਕੰਮ ਖ਼ਰਾਬ ਕਰਦੇ ਹਨ। ਇਸ ਲਈ ਅਸੀਂ ਸਾਲ 2001 ਤੋਂ ਨਿਯਾਮਕ ਸ਼ਰਤਾਂ ਵਿੱਚ 42 ਫ਼ੀ ਸਦੀ ਤੋਂ ਵੀ ਵੱਧ ਦੀ ਕਟੌਤੀ ਕੀਤੀ ਹੈ। ਅਸੀਂ ਨਿਯਮਾਂ ਵਿੱਚ ਨਿਰੋਲ ਨਵੇਂ ਵਾਧੇ ਨਾ ਕਰਨ ਦੀ ਆਪਣੀ ਵਚਨਬੱਧਤਾ ਨੂੰ ਸਾਲ 2015 ਤਕ ਵਧਾ ਦਿੱਤਾ ਹੈ। ਆਉਂਦੇ ਮਹੀਨਿਆਂ ਦੌਰਾਨ ਅਸੀਂ ਸ਼ਰਾਬ ਸੰਬੰਧੀ ਮਿਆਰਾਂ ਨੂੰ ਆਧੁਨਿਕ ਬਣਾਉਣ ਅਤੇ ਵਿਕਾਸ ਦੇ ਵਧੇਰੇ ਮੌਕੇ ਸਿਰਜਣ ਲਈ ਸ਼ਰਾਬ ਦੀ ਵਿਕਰੀ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮਾਂ ਦੀ ਸਮੀਖਿਆ ਕਰਾਂਗੇ।

## ਬੀ.ਸੀ. ਦੀ ਨੌਕਰੀਆਂ ਦੀ ਯੋਜਨਾ ਰਾਹੀਂ ਵਧੇਰੇ ਮੁਕਾਬਲੇ ਦੀ ਆਰਥਿਕਤਾ ਉਸਾਰਨੀ



**ਪੈਸਿਫ਼ਿਕ ਗੇਟਵੇਅ ਕਾਰਜਨੀਤੀ ਨਾਲ ਬ੍ਰਿਟਿਸ਼ ਕੋਲੰਬੀਆ ਨੂੰ ਵੱਡਾ ਫ਼ਾਇਦਾ ਹੋ ਰਿਹਾ ਹੈ।**

ਸਾਲ 2001 ਵਿੱਚ ਸਾਡੇ 70 ਫ਼ੀ ਸਦੀ ਤੋਂ ਵੀ ਵੱਧ ਨਿਰਯਾਤ ਇੱਕੋ ਮੰਡੀ ਨੂੰ ਜਾਂਦੇ ਸਨ – ਅਮਰੀਕਾ। ਅੱਜ ਇਹ ਹਿੱਸਾ 50 ਫ਼ੀ ਸਦੀ ਤੋਂ ਵੀ ਘੱਟ ਹੈ ਕਿਉਂਕਿ ਅਸੀਂ ਏਸ਼ੀਆ ਵਿਚਲੀਆਂ ਮੰਡੀਆਂ ਨਾਲ ਆਪਣੇ ਨਿਰਯਾਤ ਵਿੱਚ ਵੰਨ-ਸੁਵੰਨਤਾ ਲਿਆਂਦੀ ਹੈ। ਬੀ.ਸੀ. ਦੀ ਨੌਕਰੀਆਂ ਦੀ ਯੋਜਨਾ ਇਸ ਕਾਮਯਾਬੀ ਨੂੰ ਅੱਗੇ ਵਧਾ ਰਹੀ ਹੈ। ਇਸ ਆਰਥਿਕ ਤੋਰ ਨੂੰ ਬਰਕਰਾਰ ਰੱਖਣ ਲਈ ਬਜਟ 2012 ਟੀਚਾਬੱਧ ਟੈਕਸ ਤਬਦੀਲੀਆਂ ਦੀ ਇੱਕ ਲੜੀ ਪੇਸ਼ ਕਰਦਾ ਹੈ।

- » ਅਪ੍ਰੈਲ 1 ਤੋਂ ਬੀ.ਸੀ. ਅੰਤਰਰਾਸ਼ਟਰੀ ਉਡਾਨਾਂ 'ਤੇ ਸੂਬਾਈ ਜੈੱਟ ਫ਼ਿਊਲ ਟੈਕਸ ਖ਼ਤਮ ਕਰ ਦੇਵੇਗਾ।
- » ਮਿਊਨਿਸਪਲ ਪੋਰਟ ਪ੍ਰਾਪਰਟੀ ਟੈਕਸ ਦਰਾਂ 'ਤੇ ਲਗਾਈ ਮੌਜੂਦਾ ਹੱਦ ਨੂੰ ਪੱਕਾ ਕਰਨ ਲਈ ਵਿਧਾਨ ਪੇਸ਼ ਕੀਤਾ ਜਾਵੇਗਾ। ਇਸ ਕਾਰਨ ਸਥਾਨਕ ਸਰਕਾਰਾਂ ਨੂੰ ਪੈਣ ਵਾਲੇ ਘਾਟੇ ਦੀ ਪੂਰਤੀ ਕੀਤੀ ਜਾਣੀ ਜਾਰੀ ਰਹੇਗੀ।
- » ਬੀ.ਸੀ. ਵੱਲੋਂ ਰੁਜ਼ਗਾਰ-ਦਾਤਾਵਾਂ ਅਤੇ ਕਾਮਿਆਂ ਨੂੰ ਸ਼ਾਗਿਰਦਗੀ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਹੱਲਾਸ਼ੇਰੀ ਦੇਣ ਵਾਲੇ ਟ੍ਰੇਨਿੰਗ ਟੈਕਸ ਛੋਟ ਪ੍ਰੋਗਰਾਮ ਦੀ ਮਿਆਦ ਵਧਾ ਦਿੱਤੀ ਜਾਵੇਗੀ।
- » ਸਮਾਲ ਬਿਜ਼ਨਸ ਵੈਂਚਰ ਕੈਪੀਟਲ ਟੈਕਸ ਕ੍ਰੈਡਿਟ (ਛੋਟੇ ਕਾਰੋਬਾਰਾਂ ਲਈ ਮੂਲਧਨ ਸੰਬੰਧੀ ਟੈਕਸ ਛੋਟ) ਵਿੱਚ $3 ਮਿਲੀਅਨ ਦਾ ਵਾਧਾ ਜਿਸ ਨਾਲ ਯੋਗ ਨਵੇਂ ਕਾਰੋਬਾਰਾਂ ਨੂੰ $10 ਮਿਲੀਅਨ ਤਕ ਦੀ ਵਾਧੂ ਐਕੁਇਟੀ ਫ਼ਾਇਨੈਂਸਿੰਗ ਮਿਲ ਸਕਦੀ ਹੈ।

## ਪੀ.ਐੱਸ.ਟੀ. ਵੱਲ ਵਾਪਸੀ

ਅਸੀਂ 1 ਅਪ੍ਰੈਲ 2013 ਤਕ ਐੱਚ.ਐੱਸ.ਟੀ. ਨੂੰ ਖ਼ਤਮ ਕਰਨ ਵੱਲ ਵਧ ਰਹੇ ਹਾਂ। ਇਹ ਇੱਕ ਪੇਚੀਦਾ ਉਪਰਾਲਾ ਹੈ ਅਤੇ ਅਸੀਂ ਰਾਹ 'ਤੇ ਹਾਂ। ਤਬਦੀਲੀ ਸੰਬੰਧੀ ਨਿਯਮਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ। ਹੋਰ ਜਾਣਕਾਰੀ ਲਈ: www.pstinbc.ca

## ਜ਼ਿਆਦਾ ਜਾਣਕਾਰੀ ਲਈ

**ਬਜਟ** 2012 ਦੇ ਵੇਰਵੇ ਲਈ ਦੇਖੋ:
www.bcbudget.ca

ਮਨਿਸਟਰੀ ਆਫ਼ ਫ਼ਾਇਨੈਂਸ (ਵਿੱਤ ਮੰਤਰਾਲਾ):
www.gov.bc.ca/fin

BRITISH COLUMBIA

ਇਸ ਦਸਤਾਵੇਜ਼ ਨੂੰ ਊਰਜਾ ਦੇ ਨਵਿਆਉਣਯੋਗ ਸਰੋਤਾਂ ਤੋਂ ਬਣਾਏ ਐਲੀਮੈਨਟਲ ਕਲੋਰੀਨ ਰਹਿਤ ਕਾਗਜ਼ 'ਤੇ ਛਾਪਿਆ ਗਿਆ ਹੈ ਜੋ ਕਿ ਵਾਤਾਵਰਣ ਦੇ ਅਨੁਕੂਲ ਹੈ ਅਤੇ ਇਸ ਕਾਗਜ਼ ਵਿੱਚ ਉਪਭੋਗਤਾਵਾਂ ਵੱਲੋਂ ਇਸਤੇਮਾਲ ਕੀਤੇ ਜਾਣ ਉਪਰੰਤ ਰੀਸਾਇਕਲ ਕੀਤਾ ਫ਼ਾਈਬਰ (ਤੰਦਾਂ) ਸ਼ਾਮਲ ਹੈ। ਇਸ ਦਸਤਾਵੇਜ਼ ਨੂੰ ਤਿਆਰ ਕਰਨ ਵਿੱਚ ਸਾਂਭ ਅਤੇ ਸੁਰੱਖਿਆ ਦੇ ਉੱਤਮ ਕਦਮ ਸ਼ਾਮਲ ਕੀਤੇ ਗਏ ਸਨ।
ਕਿਰਪਾ ਕਰਕੇ ਕਾਗਜ਼ ਦੀ ਬਰਬਾਦੀ ਘਟਾਓ, ਮੁੜ ਵਰਤੋਂ ਵਿੱਚ ਲਿਆਓ ਅਤੇ ਰੀਸਾਇਕਲ ਕਰੋ।